# ਵਿਵਾਦ ਨਿਪਟਾਰਾ - ਅਰਜ਼ੀ ਦੇਣ ਤੋਂ ਪਹਿਲਾਂ

TRAC
TENANT RESOURCE & ADVISORY CENTRE

Unit #150-900 Howe St
Vancouver, BC V6Z 2M4

1-800-665-1185
tenants.bc.ca

**ਵਿਵਾਦ ਨਿਪਟਾਰਾ (ਡਿਸਪਿਊਟ ਰੈਜ਼ੋਲੂਸ਼ਨ)** ਰਿਹਾਇਸ਼ੀ ਕਿਰਾਏਦਾਰੀ ਸ਼ਾਖਾ (ਰੈਜ਼ੀਡੈਂਸ਼ੀਅਲ ਟੈਨੈਂਸੀ ਬਰਾਂਚ -ਆਰ ਟੀ ਬੀ) ਦੀ ਕਾਰਵਾਈ ਨੂੰ ਕਹਿੰਦੇ ਹਨ ਜਿਸ ਵਿੱਚ ਸਾਲਸ (ਆਰਬਿਟਰੇਟਰ), ਜਿਹੜਾ ਕਿ ਆਰ ਟੀ ਬੀ ਦੁਆਰਾ ਨਿਯੁਕਤ ਫੈਸਲਾ ਕਰਨ ਵਾਲਾ ਹੁੰਦਾ ਹੈ, ਕਿਰਾਏਦਾਰਾਂ ਅਤੇ ਮਕਾਨ ਮਾਲਕਾਂ ਵਿਚਕਾਰ ਕਾਨੂੰਨੀ ਵਿਵਾਦਾਂ 'ਤੇ ਫੈਸਲਾ ਕਰਦਾ ਹੈ। ਇਹ ਕਾਰਵਾਈ ਆਮ ਤੌਰ 'ਤੇ ਫ਼ੋਨ 'ਤੇ ਹੁੰਦੀ ਹੈ ਅਤੇ ਅਦਾਲਤੀ ਸੁਣਵਾਈ ਨਾਲੋਂ ਘੱਟ ਰਸਮੀ ਹੁੰਦੀ ਹੈ।

**ਅਰਜ਼ੀ ਦੇਣ ਤੋਂ ਪਹਿਲਾਂ ਕੀ ਵਿਚਾਰਨਾ ਹੈ, ਤਾਂ ਜੋ ਤੁਸੀਂ ਇਹ ਫੈਸਲਾ ਕਰ ਸਕੋ ਕਿ ਕਾਰਵਾਈ ਵਿੱਚ ਸ਼ਾਮਲ ਹੋਣਾ ਤੁਹਾਡੇ ਸਮੇਂ ਅਤੇ ਵਸੀਲਿਆਂ ਦੇ ਲਾਇਕ ਹੈ ਜਾਂ ਨਹੀਂ:**

**ਮਨਜ਼ੂਰਸ਼ੁਦਾ ਫਾਰਮ**
ਕੁਝ ਨੋਟਿਸਾਂ ਲਈ ਲਾਜ਼ਮੀ ਫਾਰਮ ਹੁੰਦੇ ਹਨ, ਜਿਵੇਂ ਕਿ ਕਿਰਾਏ ਵਿੱਚ ਵਾਧੇ ਅਤੇ ਬੇਦਖਲੀ ਦੇ ਫਾਰਮ, ਜਿਹੜੇ ਮਕਾਨ ਮਾਲਕਾਂ ਲਈ ਵਰਤਣੇ ਜ਼ਰੂਰੀ ਹੁੰਦੇ ਹਨ।

**ਸਰਵਿਸ ਦੇ ਤਰੀਕੇ**
ਦਸਤਾਵੇਜ਼ ਇੱਕ ਦੂਜੇ ਨੂੰ ਕਿਵੇਂ "ਭੇਜੇ" ਜਾਂ ਦਿੱਤੇ ਜਾ ਸਕਦੇ ਹਨ ਇਸ ਬਾਰੇ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਨੂੰ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ।[1]

**ਲਿਖਤੀ ਗੱਲਬਾਤ**
ਕੀ ਤੁਸੀਂ ਪਹਿਲਾਂ ਹੀ ਆਪਣੇ ਮਕਾਨ ਮਾਲਕ ਨਾਲ ਲਿਖਤੀ ਰੂਪ ਵਿੱਚ ਗੱਲਬਾਤ ਕਰ ਚੁੱਕੇ ਹੋ? ਕੀ ਤੁਸੀਂ ਉਨ੍ਹਾਂ ਨੂੰ ਤੁਹਾਡੀ ਸਮੱਸਿਆ ਨੂੰ ਹੱਲ ਕਰਨ ਦਾ ਵਾਜਬ ਮੌਕਾ ਦਿੱਤਾ ਹੈ?

**ਸਮੇਂ ਦੀਆਂ ਹੱਦਾਂ**
ਕੀ ਤੁਸੀਂ ਜਾਂ ਤੁਹਾਡੇ ਮਕਾਨ-ਮਾਲਕ ਨੇ ਸਮੇਂ ਦੀਆਂ ਕੋਈ ਜ਼ਰੂਰੀ ਹੱਦਾਂ ਖੁੰਝਾ ਦਿੱਤੀਆਂ ਹਨ? ਕਿਰਾਏਦਾਰਾਂ ਲਈ ਬੇਦਖਲੀ ਦਾ ਵਿਰੋਧ ਕਰਨ ਅਤੇ ਮਕਾਨ-ਮਾਲਕਾਂ ਲਈ ਡਿਪਾਜ਼ਿਟ ਵਾਪਸ ਕਰਨ ਲਈ ਸਮੇਂ ਦੀਆਂ ਹੱਦਾਂ ਸਖਤ ਹੁੰਦੀਆਂ ਹਨ।[2]

**ਤਿਆਰੀ ਦਾ ਸਮਾਂ**
ਕੀ ਤੁਹਾਡੇ ਕੋਲ ਸੁਣਵਾਈ ਦੀ ਤਿਆਰੀ ਕਰਨ ਅਤੇ ਹਿੱਸਾ ਲੈਣ ਲਈ ਉਚਿਤ ਸਮਾਂ ਹੈ? ਆਰ ਟੀ ਬੀ ਮੁੱਦੇ ਦੀ ਸ਼ਿੱਦਤ ਦੇ ਆਧਾਰ 'ਤੇ ਸੁਣਵਾਈਆਂ ਦਾ ਸਮਾਂ ਤਹਿ ਕਰਦਾ ਹੈ।

**ਸਬੂਤਾਂ ਦੀ ਸਪੁਰਦਗੀ**
ਕੀ ਤੁਸੀਂ ਵਿਵਾਦ ਨਿਪਟਾਰੇ ਲਈ ਅਰਜ਼ੀ ਦੇਣ ਤੋਂ ਬਾਅਦ ਆਰ ਟੀ ਬੀ ਨੂੰ ਸਬੂਤ ਜਮ੍ਹਾਂ ਕਰਾਉਣ ਅਤੇ ਆਪਣੇ ਮਕਾਨ ਮਾਲਕ ਨੂੰ ਸਬੂਤ ਪਹੁੰਚਾਉਣ ਲਈ ਤਿਆਰ ਹੋ?[3]

**ਕਾਨੂੰਨ ਬਨਾਮ ਰਾਏ**
ਕਿਰਾਏਦਾਰਾਂ ਨੂੰ ਦਰਪੇਸ਼ ਸਾਰੇ ਮੁੱਦੇ ਜਾਂ ਬੇਇਨਸਾਫ਼ੀਆਂ ਕਾਨੂੰਨ ਦੁਆਰਾ ਹੱਲ ਨਹੀਂ ਕੀਤੀਆਂ ਜਾਂਦੀਆਂ। ਖੋਜ ਕਰੋ ਕਿ ਆਰ ਟੀ ਏ ਤੁਹਾਡੇ ਮੁੱਦੇ ਬਾਰੇ ਕੀ ਕਹਿੰਦਾ ਹੈ ਅਤੇ ਕਿਹੜੇ ਕਾਨੂੰਨੀ ਉਪਾਅ ਉਪਲਬਧ ਹਨ। ਤੁਸੀਂ ਆਰ ਟੀ ਬੀ ਦੀ ਜਾਣਕਾਰੀ ਲਾਈਨ ਜਾਂ TRAC ਦੀ ਜਾਣਕਾਰੀ ਲਾਈਨ 'ਤੇ ਵੀ ਕਾਲ ਕਰ ਸਕਦੇ ਹੋ।

**ਅਧਿਕਾਰ ਖੇਤਰ**
ਕੀ ਤੁਹਾਡਾ ਮੁੱਦਾ ਰਿਹਾਇਸ਼ੀ ਕਿਰਾਏਦਾਰੀ ਐਕਟ (ਰੈਜ਼ੀਡੈਂਸ਼ੀਅਲ ਟੈਨੈਂਸੀ ਐਕਟ- ਆਰ ਟੀ ਏ) ਦੁਆਰਾ ਕਵਰ ਕੀਤਾ ਜਾਂਦਾ ਹੈ? ਜੇਕਰ ਨਹੀਂ, ਤਾਂ ਤੁਹਾਡੀ ਅਰਜ਼ੀ ਨੂੰ ਖਾਰਜ ਕੀਤਾ ਜਾ ਸਕਦਾ ਹੈ ਕਿਉਂਕਿ ਉਹ ਆਰ ਟੀ ਬੀ ਦਾ "ਅਧਿਕਾਰ ਖੇਤਰ" ਨਹੀਂ ਹੈ – ਇਸ ਦਾ ਮਤਲਬ, ਉਸ ਬਾਰੇ ਫੈਸਲੇ ਲੈਣ ਦਾ ਅਧਿਕਾਰ ਨਹੀਂ ਹੈ।[4]

**ਸਬੂਤ ਬਨਾਮ ਦੋਸ਼**
ਕੀ ਤੁਹਾਡੇ ਕੋਲ ਇੰਨੇ ਮਜ਼ਬੂਤ ਅਤੇ ਢੁਕਵੇਂ ਸਬੂਤ ਹਨ ਕਿ ਤੁਸੀਂ ਕਿਸੇ ਸਾਲਸ (ਆਰਬਿਟਰੇਟਰ) ਨੂੰ ਆਪਣੇ ਹੱਕ ਵਿੱਚ ਫੈਸਲਾ ਦੇਣ ਲਈ ਕਾਇਲ ਕਰ ਸਕੋ?[5]
ਤੁਸੀਂ ਇੱਕ ਲਿਖਤ ਬਣਾ ਕੇ ਦੇਖ ਸਕਦੇ ਹੋ ਜਿਸ ਦੇ ਇਕ ਪਾਸੇ ਤੱਥ ਅਤੇ ਦੂਜੇ ਪਾਸੇ ਉਹਨਾਂ ਨੂੰ ਸਾਬਤ ਕਰਨ ਲਈ ਸਬੂਤ ਹੋਣ।



# ਕੀ ਵਿਵਾਦ ਨਿਪਟਾਰਾ ਕਾਰਵਾਈ ਦਾ ਫੈਸਲਾ ਮੇਰੀ ਸਮੱਸਿਆ ਨੂੰ ਹੱਲ ਕਰਨ ਵਿੱਚ ਮੇਰੀ ਮਦਦ ਕਰੇਗਾ?



1. **ਆਰਬਿਟਰੇਟਰ ਕਾਨੂੰਨੀ ਤਾਮੀਲ ਕਰਵਾਉਣ ਵਾਲੇ (ਬਾਈਂਡਿੰਗ) ਹੁਕਮ ਅਤੇ ਫੈਸਲੇ ਦੇ ਸਕਦੇ ਹਨ, ਜਿਨ੍ਹਾਂ ਵਿੱਚ ਹੇਠ ਲਿਖੇ ਸ਼ਾਮਲ ਹਨ:**
   - ਕਿਸੇ ਧਿਰ ਨੂੰ ਕਾਨੂੰਨ ਅਤੇ/ਜਾਂ ਕਿਰਾਏਦਾਰੀ ਇਕਰਾਰਨਾਮੇ ਦੀ ਪਾਲਣਾ ਕਰਨ ਦਾ ਆਦੇਸ਼ ਦੇਣਾ;
   - ਕਿਸੇ ਧਿਰ ਨੂੰ ਵਿੱਤੀ ਮੁਆਵਜ਼ਾ ਦੇਣ ਦਾ ਆਦੇਸ਼ ਦੇਣਾ;
   - ਮਕਾਨ ਮਾਲਕ ਨੂੰ ਕਿਰਾਏ ਵਾਲੀ ਯੂਨਿਟ ਜਾਂ ਪ੍ਰਾਪਰਟੀ ਦੀ ਮੁਰੰਮਤ ਕਰਨ ਦਾ ਆਦੇਸ਼ ਦੇਣਾ;
   - ਭਵਿੱਖ ਵਿੱਚ ਦਿੱਤੇ ਜਾਣ ਵਾਲੇ ਕਿਰਾਏ ਵਿੱਚੋਂ ਪੈਸੇ ਰੋਕਣ ਦੀ ਕਿਰਾਏਦਾਰ ਨੂੰ ਇਜਾਜ਼ਤ ਦੇਣਾ;
   - ਬੇਦਖਲੀ ਨੋਟਿਸ ਨੂੰ ਰੱਦ ਕਰਨਾ ਜਾਂ ਬਰਕਰਾਰ ਰੱਖਣਾ;
   - ਕਿਰਾਏਦਾਰ ਜਾਂ ਮਕਾਨ ਮਾਲਕ ਨੂੰ ਕਬਜ਼ੇ ਦਾ ਆਦੇਸ਼ ਦੇਣਾ।

2. **ਕਈ ਦਾਅਵੇ (ਕਲੇਮ)।**
   ਆਰਬਿਟਰੇਟਰ ਇੱਕੋ ਸੁਣਵਾਈ 'ਤੇ ਕਈ ਦਾਅਵਿਆਂ ਲਈ ਫੈਸਲੇ **ਸਿਰਫ਼ ਤਾਂ ਹੀ** ਲੈ ਸਕਦਾ ਹੈ ਜੇਕਰ ਦਾਅਵੇ ਸੰਬੰਧਿਤ ਹੋਣ ਅਤੇ ਇੱਕੋ ਅਰਜ਼ੀ ਵਿੱਚ ਸ਼ਾਮਲ ਕੀਤੇ ਗਏ ਹੋਣ। ਕਈ ਦਾਅਵੇ ਦਾਇਰ ਕਰਨ ਤੋਂ ਪਹਿਲਾਂ, ਮੁਲਾਂਕਣ ਕਰੋ ਕਿ ਕੀ ਵੱਖਰੀਆਂ ਅਰਜ਼ੀਆਂ ਦਾਇਰ ਕਰਨੀਆਂ ਬਿਹਤਰ ਹੋਣਗੀਆਂ। ਆਰਬਿਟਰੇਟਰ ਗੈਰ-ਸੰਬੰਧਿਤ ਦਾਅਵਿਆਂ ਨੂੰ ਖਾਰਜ ਕਰ ਸਕਦੇ ਹਨ।

3. **ਨਿਪਟਾਰੇ ਲਈ ਗੱਲਬਾਤ।**
   ਕਿਰਾਏਦਾਰ ਅਤੇ ਮਕਾਨ ਮਾਲਕ ਕਈ ਵਾਰ ਵਿਵਾਦ ਨਿਪਟਾਰੇ ਲਈ ਅਰਜ਼ੀ ਦੇਣ ਤੋਂ ਬਾਅਦ ਵੀ, ਬਿਨਾਂ ਕਿਸੇ ਆਰਬਿਟਰੇਟਰ ਜਾਂ ਸੁਣਵਾਈ ਦੇ, ਵਿਵਾਦਾਂ ਦਾ ਨਿਪਟਾਰਾ ਕਰ ਸਕਦੇ ਹਨ। TRAC ਦੇ ਵੈੱਬਪੇਜ਼, "ਅਲਟਰਨੇਟਿਵਜ਼ ਟੂ ਡਿਸਪਿਊਟ ਰੈਜ਼ੋਲੂਸ਼ਨ" ("ਵਿਵਾਦ ਨਿਪਟਾਰੇ ਦੇ ਬਦਲ") ਉੱਪਰ ਨਿਪਟਾਰੇ ਲਈ ਗੱਲਬਾਤ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ।

## ਤੁਹਾਡੇ ਅਰਜ਼ੀ ਦੇਣ ਤੋਂ ਪਹਿਲਾਂ ਆਰ ਟੀ ਬੀ ਬਾਰੇ ਧਿਆਨ ਦੇਣ ਯੋਗ ਜ਼ਰੂਰੀ ਗੱਲਾਂ!

- ਬੇਦਖਲੀ ਨੋਟਿਸਾਂ ਦਾ ਵਿਰੋਧ ਕਰਨ ਲਈ ਸਮੇਂ ਦੀਆਂ ਹੱਦਾਂ ਸਖਤ ਹਨ। ਜੇਕਰ ਤੁਹਾਡੇ ਲਈ ਡੈੱਡਲਾਈਨ (ਆਖਰੀ ਮਿਤੀ) ਨੇੜੇ ਆ ਰਹੀ ਹੈ, ਤਾਂ ਬਿਹਤਰ ਹੋ ਸਕਦਾ ਹੈ ਕਿ ਤੁਸੀਂ ਜਿੰਨੀ ਜਲਦੀ ਹੋ ਸਕੇ ਅਰਜ਼ੀ ਦਿਓ ਅਤੇ ਬਾਅਦ ਵਿੱਚ ਆਪਣੇ ਸਬੂਤ ਜਮ੍ਹਾਂ ਕਰੋ।
- ਦਸਤਾਵੇਜ਼ਾਂ ਨੂੰ ਆਰ ਟੀ ਬੀ ਪੋਰਟਲ 'ਤੇ ਜਮ੍ਹਾਂ ਕਰਾਉਣ ਅਤੇ ਆਪਣੇ ਮਕਾਨ ਮਾਲਕ ਤੱਕ ਪਹੁੰਚਾਉਣ ਲਈ ਸਮੇਂ ਦੀਆਂ ਹੱਦਾਂ ਸਖਤ ਹਨ - ਇਹ ਪੱਕਾ ਕਰੋ ਕਿ ਤੁਹਾਨੂੰ ਸਮੇਂ ਦੀਆਂ ਆਪਣੀਆਂ ਹੱਦਾਂ ਪਹਿਲਾਂ ਤੋਂ ਪਤਾ ਹੋਣ!
- ਸੁਣਵਾਈਆਂ ਆਮ ਤੌਰ 'ਤੇ ਫ਼ੋਨ 'ਤੇ ਹੁੰਦੀਆਂ ਹਨ। ਤੁਹਾਨੂੰ ਫ਼ੋਨ ਨਹੀਂ ਕੀਤਾ ਜਾਵੇਗਾ - ਤੁਹਾਨੂੰ ਖੁਦ ਫ਼ੋਨ ਕਰਨਾ ਪਵੇਗਾ।

## ਕੀ ਤੁਹਾਨੂੰ ਭਾਸ਼ਾ ਲਈ ਦੁਭਾਸ਼ੀਏ ਜਾਂ ਪਹੁੰਚ-ਯੋਗਤਾ ਲਈ ਸਹਾਇਤਾ ਦੀ ਲੋੜ ਹੈ?

ਆਪਣੀ ਵਿਵਾਦ ਨਿਪਟਾਰੇ ਦੀ ਅਰਜ਼ੀ ਜਮ੍ਹਾਂ ਕਰਨ ਤੋਂ ਬਾਅਦ, ਤੁਸੀਂ ਆਰ ਟੀ ਬੀ-36 "ਰਿਕੁਐਸਟ ਫਾਰ ਅਲਟਰਨੇਟ ਡਿਸਪਿਊਟ ਰੈਜ਼ੋਲੂਸ਼ਨ ਪ੍ਰੋਸੀਡਿੰਗ ਫੌਰਮੈਟ" (ਵਿਵਾਦ ਨਿਪਟਾਰੇ ਲਈ ਕਾਰਵਾਈ ਦੇ ਬਦਲਵੇਂ ਢੰਗ ਲਈ ਬੇਨਤੀ) ਫਾਰਮ ਦੇ ਨਾਲ ਸਹਾਈ ਹੋਣ ਵਾਲੇ ਸਬੂਤ ਆਰ ਟੀ ਬੀ ਨੂੰ **HSRTO@gov.bc.ca** 'ਤੇ ਈਮੇਲ ਕਰ ਸਕਦੇ ਹੋ।

ਜੇਕਰ ਤੁਹਾਨੂੰ ਸੁਣਵਾਈ ਦੌਰਾਨ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਕੋਈ ਏਜੰਟ, ਸਹਾਇਕ, ਐਡਵੋਕੇਟ, ਜਾਂ ਕਾਨੂੰਨੀ ਵਕੀਲ ਆਪਣੇ ਨਾਲ ਲਿਆ ਸਕਦੇ ਹੋ।

**ਹੋਰ ਜਾਣਕਾਰੀ ਲਈ**

1 ਸਰਵਿਸ (ਪਹੁੰਚਾਉਣ) ਦੇ ਤਰੀਕਿਆਂ ਦੀ ਸੂਚੀ ਲਈ TRAC ਦਾ ਵੈੱਬਪੇਜ਼, "ਸਰਵਿੰਗ ਡੌਕੂਮੈਂਟਸ" (ਦਸਤਾਵੇਜ਼ ਪਹੁੰਚਾਉਣੇ) ਅਤੇ ਆਰ ਟੀ ਏ ਦੇ ਸੈਕਸ਼ਨ 88 ਅਤੇ 89 ਵੇਖੋ।

2 ਸਮੇਂ ਦੀਆਂ ਹੱਦਾਂ (ਡੈੱਡਲਾਈਨ) ਦਾ ਹਿਸਾਬ ਲਾਉਣ ਵਿੱਚ ਮਦਦ ਲੈਣ ਲਈ ਆਰ ਟੀ ਬੀ ਦੀ ਵੈੱਬਸਾਈਟ 'ਤੇ "ਟੈਨੈਂਸੀ ਕੈਲਕੂਲੇਟਰ" ਵੇਖੋ।

3 ਸਬੂਤਾਂ ਦੇ ਆਦਾਨ-ਪ੍ਰਦਾਨ ਬਾਰੇ ਜਾਣਕਾਰੀ ਲਈ ਕਾਰਵਾਈ ਦੇ ਨਿਯਮ ਸੈਕਸ਼ਨ 3 ਵੇਖੋ।

4 TRAC ਦੇ ਵੈੱਬਪੇਜ਼, "ਕੀ ਮੈਂ ਕਾਨੂੰਨ ਦੁਆਰਾ ਕਵਰ ਕੀਤਾ ਗਿਆ ਹਾਂ" ਅਤੇ "ਵਿਵਾਦ ਦੇ ਹੱਲ ਲਈ ਅਰਜ਼ੀ ਦੇਣੀ" ਵੇਖੋ।

5 ਇਹ ਜਾਣਨ ਲਈ ਕਿ ਕੁਆਲਿਟੀ ਵਾਲੇ ਸਬੂਤ ਕਿਹੋ ਜਿਹੇ ਹੁੰਦੇ ਹਨ, TRAC ਦਾ ਵੈੱਬਪੇਜ, "ਸੁਣਵਾਈ ਲਈ ਤਿਆਰੀ" ਵੇਖੋ।


TRAC ਨੂੰ ਇਹਨਾਂ ਤੋਂ ਲਗਾਤਾਰ ਸਹਾਇਤਾ ਮਿਲਦੀ ਹੈ: Punjabi

Department of Justice Canada | Ministère de la Justice Canada



ਇਹ ਆਮ ਜਾਣਕਾਰੀ ਹੈ ਜਿਹੜੀ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਤੇ ਲਾਗੂ ਹੁੰਦੀ ਹੈ। TRAC ਇਸ ਗੱਲ ਦੀ ਗਰੰਟੀ ਨਹੀਂ ਦੇ ਸਕਦਾ ਕਿ ਇਹ ਵਰਤਮਾਨ ਦੀ ਹੈ ਜਾਂ ਪੂਰੀ ਹੈ। ਇਹ ਤੱਥ ਸ਼ੀਟ ਖਾਸ ਕਾਨੂੰਨੀ ਸਮੱਸਿਆਵਾਂ ਲਈ ਕਾਨੂੰਨੀ ਸਲਾਹ ਵਜੋਂ ਨਹੀਂ ਹੈ। ਆਪਣੇ ਜੋਖਮ 'ਤੇ ਵਰਤੋ ਅਤੇ ਜੇਕਰ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਹੈ ਤਾਂ ਕਿਸੇ ਵਕੀਲ ਨਾਲ ਸਲਾਹ ਕਰੋ। V1 July, 2025.